## ਦਫ਼ਤਰ ਜ਼ਿਲ੍ਹਾ ਮੈਜਿਸਟਰੇਟ,ਫ਼ਤਹਿਗੜ੍ਹ ਸਾਹਿਬ।

(ਫੁੱਟਕਲ ਸ਼ਾਖਾ)

ਹੁਕਮ

ਦਫਤਰੀ ਹੁਕਮ ਨੰ: /ਫੁੱਟਕਲ ਮਿਤੀ

**Order under section 3(1) of the Punjab Village and Small Town Patrol Act. 1918**

ਜਿਵੇਂ ਕਿ ਭਾਰਤ ਸਰਕਾਰ ਵੱਲੋਂ ਕੋਵਿਡ-19 (ਕਰੋਨਾ ਵਾਇਰਸ) ਨੂੰ ਮਹਾਂਮਾਰੀ ਘੋਸ਼ਿਤ ਕੀਤਾ ਗਿਆ ਹੈ। ਇਸ ਭਿਆਨਕ ਮਹਾਂਮਾਰੀ ਕਾਰਨ ਪ੍ਰਭਾਵਿਤ ਹੋਣ ਤੋਂ ਰੋਕਣ ਅਤੇ ਅਪਾਤਕਾਲ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਆਮ ਲੋਕਾਂ ਦੀ ਸੁਰੱਖਿਆ ਲਈ ਅਤੇ ਜਨਤਕ ਹਿੱਤਾਂ ਨੂੰ ਦੇਖਦੇ ਹੋਏ ਇਹਤਿਆਤ ਵਜੋ ਫ਼ਤਹਿਗੜ੍ਹ ਸਾਹਿਬ ਜਿਲ੍ਹੇ ਅੰਦਰ ਕਰਫਿਊ ਲਗਾਇਆ ਗਿਆ ਹੈ।

ਇਸ ਲਈ ਮੈ, ਅੰਮ੍ਰਿਤ ਕੌਰ ਗਿੱਲ,ਆਈ.ਏ.ਐਸ, ਜ਼ਿਲ੍ਹਾ ਮੈਜਿਸਟਰੇਟ, ਫ਼ਤਹਿਗੜ੍ਹ ਸਾਹਿਬ Punjab Village and Small Town Patrol Act. 1918 section 3(1) ਅਧੀਨ ਪ੍ਰਾਪਤ ਅਖਤਿਆਰਾਂ ਦੀ ਵਰਤੋ ਕਰਦਿਆਂ ਹੁਕਮ ਜਾਰੀ ਕਰਦੀ ਹਾਂ ਕਿ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਅੰਦਰਲੇ ਸਾਰੇ ਪਿੰਡਾਂ ਵਿੱਚ ਕੋਵਿਡ-19 (ਕਰੋਨਾ ਵਾਇਰਸ) ਨੂੰ ਫੈਲਣ ਤੋ ਰੋਕਣ ਲਈ ਨਰੋਈ ਸਿਹਤ ਵਾਲੇ ਬਾਲਗ ਵਿਅਕਤੀ 24 ਘੰਟੇ ਪਹਿਰਾ/ਰਾਖੀ (On entry and Exit Points) ਦੀ ਡਿਊਟੀ ਨੂੰ ਨਿਭਾਉਣ ਅਤੇ ਕਿਸੇ ਵੀ ਵਿਅਕਤੀ ਨੂੰ ਬਿੰਨਾਂ ਕਿਸੇ ਖਾਸ ਮਕਸਦ ਦੇ ਪਿੰਡ ਵਿੱਚ ਦਾਖਲ ਨਾ ਹੋਣ ਦਿੱਤਾ ਜਾਵੇ।

ਪਿੰਡਾਂ ਦੇ 60 ਸਾਲ ਤੋਂ ਵੱਧ ਉਮਰ ਵਾਲੇ ਬਜੁਰਗਾਂ ਅਤੇ ਅੰਗਹੀਣ ਵਿਅਕਤੀਆਂ ਨੂੰ ਇਹ ਪਹਿਰਾ ਦੇਣ ਤੋਂ ਛੋਟ ਹੋਵੇਗੀ।

ਇਹ ਹੁਕਮ ਵੀ ਦਿੱਤਾ ਜਾਂਦਾ ਹੈ ਕਿ ਹਰ ਪਿੰਡ ਦੀ ਪੰਚਾਇਤ ਉਕਤ ਐਕਟ ਅਧੀਨ ਧਾਰਾ 4(1)ਦੀ ਪੂਰੀ ਤਰਜਮਾਨੀ ਕਰਦਿਆਂ ਆਪਣੇ ਕਾਰਜ ਖੇਤਰ ਅੰਦਰ ਉਕਤ ਡਿਊਟੀ ਅਦਾ ਕਰਾਏਗੀ।

ਇਹ ਹੁਕਮ ਮਿਤੀ: 03/04/2020 ਤੋਂ 02/05/2020 ਤੱਕ ਲਾਗੂ ਰਹੇਗਾ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਲੋਕਾਂ ਦੇ ਨਾਮ ਜਾਰੀ ਕੀਤਾ ਜਾਂਦਾ ਹੈ। ਇਹ ਹੁਕਮ ਤੁਰੰਤ ਲਾਗੂ ਹੋਵੇਗਾ। ਇਸ ਹੁਕਮ ਦਾ ਜਿਲ੍ਹਾ ਲੋਕ ਸੰਪਰਕ ਅਫਸਰ,ਫਤਿਹਗੜ੍ਹ ਸਾਹਿਬ ਵੱਲੋਂ ਪ੍ਰੈਸ ਮੀਡੀਆ ਰਾਹੀਂ ਪ੍ਰਚਾਰ ਹੋਵੇ। ਇਸ ਹੁਕਮ ਦੀਆਂ ਨਕਲਾਂ ਇਸ ਜਿਲ੍ਹੇ ਦੇ ਸਦਰ ਦਫ਼ਤਰਾਂ, ਉਪ ਮੰਡਲ ਮੈਜਿਸਟਰੇਟਸ ਦਫ਼ਤਰਾਂ, ਥਾਣਿਆਂ, ਨਗਰ ਕੌਂਸਲਾਂ/ਪੰਚਾਇਤਾਂ/ ਹਸਪਤਾਲ/ਰੇਵਲੇ ਸਟੇਸ਼ਨ/ਬੱਸ ਸਟੈਂਡ/ਤਹਿਸੀਲ ਦਫ਼ਤਰਾਂ/ਗਰਾਮ ਪੰਚਾਇਤਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਹੇਠ ਮਿਤੀ: 03/04/2020 ਨੂੰ ਜਾਰੀ ਹੋਇਆ।

ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।

ਪਿੰਠ ਅੰਕਣ ਨੰ. 7391-7426 /ਫੁੱਟਕਲ-2 ਮਿਤੀ: 04/04/2020

ਇਸਦਾ ਇਕ ਉਤਾਰਾ:

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ,ਗ੍ਰਹਿ ਵਿਭਾਗ, ਪੰਜਾਬ ਸਰਕਾਰ, ਚੰਡੀਗੜ।
3. ਡਾਇਰੈਕਟਰ ਜਰਨਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
4. ਇੰਸਪੈਕਟਰ ਜਰਨਲ ਆਫ ਪੁਲਿਸ(ਸੀ.ਆਈ.ਡੀ.)ਪੰਜਾਬ, ਚੰਡੀਗੜ੍ਹ।
5. ਇੰਸਪੈਕਟਰ ਜਰਨਲ ਆਫ ਪੁਲਿਸ,ਰੂਪਨਗਰ ਰੇਂਜ, ਰੂਪਨਗਰ।
6. ਕਮਿਸ਼ਨਰ, ਪਟਿਆਲਾ ਮੰਡਲ, ਪਟਿਆਲਾ।
7. ਜਿਲ੍ਹਾ ਅਤੇ ਸ਼ੈਸਨ ਜੱਜ,ਫਤਿਹਗੜ੍ਹ ਸਾਹਿਬ।
8. ਸਮੂਹ ਜਿਲ੍ਹਾ ਮੈਜਿਸਟਰੇਟ, ਪੰਜਾਬ ਰਾਜ.............................................................।
9. ਸੀਨੀਅਰ ਕਪਤਾਨ ਪੁਲਿਸ, ਫਤਿਹਗੜ੍ਹ ਸਾਹਿਬ।
10. ਵਧੀਕ ਡਿਪਟੀ ਕਮਿਸ਼ਨਰ(ਵਿਕਾਸ), ਫ਼ਤਹਿਗੜ੍ਹ ਸਾਹਿਬ।
11. ਉਪ ਮੰਡਲ ਮੈਜਿਸਟਰੈਟ,ਫਗਸ/ਅਮਲੋਹ/ਬਸੀ ਪਠਾਣਾ/ਖਮਾਣੋ ।
12. ਜਿਲ੍ਹਾ ਅਟਾਰਨੀ,ਫਤਹਿਗੜ੍ਹ ਸਾਹਿਬ।
13. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,ਫਤਿਹਗੜ੍ਹ ਸਾਹਿਬ।
14. ਜਿਲ੍ਹਾ ਲੋਕ ਸੰਪਰਕ ਅਫਸਰ,ਫਤਹਿਗੜ੍ਹ ਸਾਹਿਬ।
15. ਮੁੱਖ ਖੇਤੀਬਾੜੀ ਅਫਸਰ,ਫਤਹਿਗੜ੍ਹ ਸਾਹਿਬ।
16. ਕਾਰਜਕਰੀ ਇੰਜੀ:,ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,ਫ਼ਗਸ।
17. ਕਾਰਜਕਾਰੀ ਇੰਜੀ:ਜਨ ਸਿਹਤ,ਫਤਹਿਗੜ੍ਹ ਸਾਹਿਬ।
18. ਕਾਰਜ ਸਾਧਕ ਅਫਸਰ,ਨਗਰ ਕੌਂਸਲ/ਨਗਰ ਪੰਚਾਇਤ,ਸਰਹਿੰਦ-ਫਗਸ/ਅਮਲੋਹ/ਮੰਡੀ ਗੋਬਿੰਦਗੜ੍ਹ/ਬਸੀ ਪਠਾਣਾ/ਖਮਾਣੋ।
   ਪਾਸ ਸੂਚਨਾ ਅਤੇ ਜਿਥੇ ਜਰੂਰੀ ਹੋਵੇ ਉਥੇ ਲੋੜੀਂਦੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ।
19. ਪੀ.ਏ.ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ./ਸਟੈਨੋ ਟੂ ਸ.ਕ.(ਜ),ਸਟੈਨੋ ਟੂ ਈ.ਐਮ,ਫਤਹਿਗੜ੍ਹ ਸਾਹਿਬ ਨੂੰ ਸੂਚਨਾ ਹਿਤ।

ਸਹਾਇਕ ਕਮਿਸ਼ਨਰ(ਜ),
ਵਾ: ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।